No. of Printed Pages : 04 Roll No. .......................

# 32504

## B. A. & Hons. (Subsidiary) EXAMINATION, 2025

(Regular & Re-appear)

(Sixth Semester)

Punjabi (Elective)

*Time : 3 Hours*] [*Maximum Marks :* 80

Before answering the question-paper candidates should ensure that they have been supplied to correct and complete question-paper. No complaint, in this regard, will be entertained after the examination.

ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ।

1. ਹੇਠ ਲਿਖੇ ਕਵੀਆਂ ਵਿੱਚੋਂ ਕਿਸੇ ਇੱਕ ਕਵੀ ਦੀ ਸਹਿਤਕ - ਸੇਵਾ ਉੱਪਰ ਇੱਕ ਆਲੋਚਨਾਤਮਕ ਨੋਟ ਲਿਖੋ :- (5)

   (ੳ) ਸ੍ਰੀ ਗੁਰੂ ਅਰਜਨ ਦੇਵ ਜੀ (ਅ) ਸ਼ਾਹ ਹੁਸੈਨ (ੲ) ਸ੍ਰੀ ਗੁਰੂ ਗੋਬਿੰਦ ਸਿੰਘ ਜੀ

2. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :-

(ੳ)ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ।

ਕਹੁ ਨਾਨਕ ਸੁਨ ਰੇ ਮਨਾ ਦੁਰਲਭ ਮਾਨੁਖ ਦੇਹ ।

(ਅ)ਸਾਲੂ ਸਹਿਜ ਹੰਢਾਇ ਲੈ ਨੀਂ, ਤੂੰ ਸਾਲੂ ਸਹਿਜ ਹੰਢਾਇ ਲੈ ਨੀਂ ।

ਸਾਲੂ ਮੇਰਾ ਕੀਮਤੀ, ਕੋਈ ਦੇਖਣ ਆਈਆਂ ਤਰੀਮਤੀਂ, ਗਈਆਂ ਸਭ ਸਲਾਹਿ ।

ਸਾਲੂ ਪਾਇਆਂ ਟੰਙਣੇ, ਗਵਾਂਢਣ ਆਈ ਮੰਗਣੇ, ਦਿੱਤਾ ਕਹੀ ਨਾ ਜਾਹਿ ।

(ੲ) ਇਹ ਗੁਨਾਹ ਮੇਰਾ ਬਖ਼ਸ਼ ਲੈ ਸਾਹਿਬਾਂ, ਜਿਥੇ ਘੱਲੇ ਉਥੇ ਜਾ ।

ਤੇੜਾ ਲਗਾ ਹਕ਼ੀਮ ਦਾ, ਸਾਡੀ ਅਕਲ ਠਿਕਾਣੇ ਨਾ ।

ਮੈਂ ਤਾਂ ਭੋਲਾ ਗ਼ਰੀਬ ਹਾਂ, ਮੇਰੀ ਧੁਖ ਧੌਲਿਆਂ ਦੀ ਲਾਜ ।

ਵੱਡੀ ਰਾਤੋਂ ਉੱਠ ਕੇ, ਤੁਰ ਪਵਾਂ ਖਰਲਾਂ ਦੀ ਰਾਹ ।

(ਸ)ਹੋਈ ਅਲੋਪ ਭਵਾਨੀ ਦੇਵਾਂ ਰਾਜਾ ਦੇ ।

ਈਸਰ ਦੀ ਬਰਦਾਨੀ ਹੋਏ ਜਿੱਤ ਦਿਨ ।

ਸੁੰਭ ਨਿਸੁੰਭ ਗੁਮਾਨੀ ਜਨਮੇ ਸੂਰਮੇ ।

ਇੰਦਰ ਦੀ ਰਾਜਧਾਨੀ ਤੱਕੀ ਜਿੱਤਨੀ । (5+5=10)

3. ਪੂਰਵ ਨਾਨਕ ਕਾਲ ਵਿੱਚ ਉਪਜੇ ਵੀਰ – ਕਾਵਿ ਉੱਪਰ ਇੱਕ ਚਰਚਾ ਭਰਪੂਰ ਨੋਟ ਲਿਖੋ । (15)

ਜਾਂ

1500 ਈ : ਤੋਂ 1700 ਈ : ਦੀਆਂ ਪ੍ਰਮੁੱਖ ਕਾਵਿ - ਧਾਰਾਵਾਂ ਨਾਲ ਜਾਣ - ਪਛਾਣ ਕਰਾਓ ।

4. ਹੇਠ ਲਿਖੇ ਸਾਹਿਤ - ਰੂਪਾਂ ਵਿੱਚੋਂ ਕਿਸੇ ਦੋ ਉੱਪਰ ਨੋਟ ਲਿਖੋ :- (20)

(ੳ) ਨਾਟਕ ( ੲ) ਨਾਵਲ

(ਅ) ਰੇਖਾ ਚਿੱਤਰ (ਸ) ਸਵੈ ਜੀਵਨੀ

5 . ਹੇਠ ਲਿਖੇ ਪੰਜਾਬੀ ਸ਼ਬਦਾਂ ਵਿਚੋਂ ਕਿਸੇ ਦੱਸ ਸ਼ਬਦਾਂ ਦਾ ਹਿੰਦੀ ਵਿੱਚ ਅਨੁਵਾਦ ਕਰੋ :- (10)

ਸੰਝ, ਭਣਵੱਈਆ. ਬੁੱਲ੍ਹ. ਨੂੰਹ, ਆਲ੍ਹਣਾ, ਧੌਣ, ਅਧਵਾਟੇ, ਬੂਹਾ, ਗੱਭਰੂ, ਸੋਹਨਾ. ਛਹਿਬਰ , ਇਖ਼ਲਾਕੀ

6. ਹੇਠ ਲਿਖੇ ਵਾਕਾਂ ਦੇ ਵਚਨ ਬਦਲੋ :- (5)

(ੳ) ਨਦੀ ਵਿੱਚੋਂ ਸ਼ੇਰ , ਬੱਕਰੀ, ਹਾਥੀ , ਕੁੱਤਾ , ਮੱਝ ਤੇ ਗਾਂ ਪਾਣੀ ਪੀ ਰਹੇ ਸਨ।

(ਅ) ਨਲਕਾ ਚਲ ਰਿਹਾ ਸੀ ਤੇ ਮੁੰਡਾ ਖੇਤ ਵਿੱਚ ਨੱਕੇ ਮੋੜ ਰਿਹਾ ਸੀ ।

(ੲ) ਮਾਂ ਨੇ ਮੋਬਾਈਲ ਫੋਨ 'ਤੇ ਗੱਲ ਕੀਤੀ ।

(ਸ) ਹਰਕਿਰਨ ਨੇ ਬੀਨ ਵਜਾਈ ਤੇ ਕਾਲੇ ਨਾਗ ਨੂੰ ਵੱਸ ਵਿੱਚ ਕਰ ਲਿਆ।

(ਹ) ਕੁੜੀ ਤ੍ਰਿੰਝਣ ਵਿਚ ਚਰਖਾ ਚਲਾ ਰਹੀ ਸੀ ਤੇ ਗੀਤ ਗਾ ਰਹੀ ਸੀ।

7. ਹੇਠ ਲਿਖਿਆਂ ਦੇ ਲਿੰਗ ਬਦਲੋ :- (5)

(ੳ) ਮਾਂਵਾਂ-ਧੀਆਂ ਨੇ ਬੇਈਮਾਨ ਦੀ ਕੁਟਾਈ ਕੀਤੀ।

(ਅ) ਮੇਰੇ ਫੁੱਫੜ ਤੇ ਮਾਸੜ ਦੋਵੇਂ ਹੀ ਪ੍ਰਸਿੱਧ ਡਾਕਟਰ ਹਨ ।

(ੲ) ਮੇਰੇ ਭਣਵੱਈਏ ਨੇ ਇੱਕ ਕੁੱਕੜ ਤੇ ਦੋ ਮੋਰਨੀਆਂ ਰੱਖੀਆਂ ਹੋਈਆਂ ਹਨ ।

(ਸ) ਨਵੇਂ ਸਰਪੰਚ ਨੇ ਪਿੰਡ ਦੇ ਨੌਜਵਾਨ ਮੁੰਡਿਆਂ ਤੇ ਬੁੱਢਿਆਂ ਨੂੰ ਮਿਲ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ ।

(ਹ) ਇਸ ਮੁਹੱਲੇ ਵਿਚ ਘੁਮਿਆਰ, ਮੋਚੀ, ਨਾਈ ,ਤਰਖਾਣ ਅਤੇ ਲੁਹਾਰ ਰਹਿੰਦੇ ਹਨ ।

8. ਹੇਠ ਲਿਖਿਆਂ ਵਿਚੋਂ ਠੀਕ ਉੱਤਰ ਚੁਣੋ। ਸਾਰੇ ਪ੍ਰਸ਼ਨ ਜ਼ਰੂਰੀ ਹਨ। (10)

(i) ਸ੍ਰੀ ਗ੍ਰੰਥ ਸਾਹਿਬ ਵਿਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ ?

(ੳ) 4 (ੲ) 5

(ਅ) 6 (ਸ) 7

(ii) ਪੰਜਾਬੀ ਦੀ ਸਭ ਤੋਂ ਪੁਰਾਣੀ ਅਤੇ ਪਹਿਲੀ ਰਚਨਾ ਕਿਹੜੀ ਹੈ ?

(ੳ) ਗੋਰਖ ਬਾਣੀ (ੲ) ਫ਼ਰੀਦ ਬਾਣੀ

(ਅ) ਪ੍ਰਾਣ ਸੰਗਲੀ (ਸ) ਇਨ੍ਹਾਂ ਵਿਚੋਂ ਕੋਈ ਵੀ ਨਹੀਂ।

(iii) ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਕਿਹੜੀ ਹੈ ?

(ੳ) ਜਾਪੁ ਸਾਹਿਬ (ੲ) ਆਸਾ ਦੀ ਵਾਰ

(ਅ) ਬਚਿੱਤਰ ਨਾਟਕ (ਸ) ਸੁਖਮਨੀ ਸਾਹਿਬ

(iv) ਸ਼ੇਖ ਫ਼ਰੀਦ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਸ਼ਬਦ ਦਰਜ ਹਨ ?

(ੳ) 4 (ੲ)112

(ਅ)6 (ਸ)110

(v) ਸੁਲਤਾਨ ਬਾਹੂ ਕਿਸ ਕਾਵਿ - ਧਾਰਾ ਨਾਲ ਸੰਬੰਧਿਤ ਹੈ ?

(ੳ) ਵੀਰ ਕਾਵਿ - ਧਾਰਾ (ੲ) ਸੂਫ਼ੀ ਕਾਵਿ - ਧਾਰਾ

(ਅ) ਗੁਰਮਤਿ ਕਾਵਿ - ਧਾਰਾ (ਸ) ਕਿੱਸਾ ਕਾਵਿ – ਧਾਰਾ

(vi) 'ਬਾਗਾਂ ਦੇ ਵਿਚਿ ਫੁਲਿ ਅਜਾਇਬ, ਤੂੰ ਬੀ ਇਕ ਗੰਧੂਲੀ।' ਕਾਵਿ - ਸਤਰ ਵਿਚ ਅਜਾਇਬ ਦਾ ਕੀ ਅਰਥ ਹੈ ?

(ੳ) ਖ਼ੁਸ਼ਬੂਦਾਰ ਬੂਟੀ (ੲ) ਗੁਰੂ

(ਅ) ਅਨੋਖਾ (ਸ) ਅਨਲਹੱਕ

(vii) 'ਖ਼ਾਲਸਾ ਪੰਥ' ਦੀ ਸਾਜਨਾ ਕਿਸ ਨੇ ਕੀਤੀ ?

(ੳ) ਗੁਰੂ ਗੋਬਿੰਦ ਜੀ (ੲ) ਗੁਰੂ ਹਰਗੋਬਿੰਦ ਜੀ

(ਅ) ਬੰਦਾ ਬਹਾਦਰ ਜੀ (ਸ) ਗੁਰੂ ਤੇਗ਼ ਬਹਾਦੁਰ ਜੀ

(viii) ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 'ਦੋਹਿਤਾ ਬਾਣੀ ਦਾ ਬੋਹਿਥਾ' ਕਿਸ ਨੇ ਕਿਹਾ ?

(ੳ) ਗੁਰੂ ਨਾਨਕ ਦੇਵ ਜੀ ਨੇ (ੲ) ਗੁਰੂ ਰਾਮਦਾਸ ਜੀ ਨੇ

(ਅ) ਗੁਰੂ ਅੰਗਦ ਦੇਵ ਜੀ ਨੇ (ਸ) ਗੁਰੂ ਅਮਰਦਾਸ ਜੀ ਨੇ

(ix) ਕਿੱਸਾ ਕਾਵਿ - ਪਰੰਪਰਾ ਵਿੱਚ ਸਭ ਤੋਂ ਪਹਿਲਾਂ ਪ੍ਰੀਤ - ਦੁਖਾਂਤ ਕਿਸ ਕਵੀ ਨੇ ਲਿਖਿਆ ?

**(ੳ) ਪੀਲੂ ਨੇ** (ੲ) ਦਮੋਦਰ ਨੇ

(ਅ) ਹਾਸ਼ਮ ਨੇ (ਸ) ਇਨ੍ਹਾਂ ਵਿਚੋਂ ਕੋਈ ਵੀ ਨਹੀਂ ।

(x) ਗੁਰੂ ਤੇਗ਼ ਬਹਾਦਰ ਜੀ ਅਨੁਸਾਰ ਅੰਤ ਵਿੱਚ ਕੌਣ ਸਹਾਈ ਹੁੰਦਾ ਹੈ?

(ੳ) ਵੈਦ (ੲ) ਪ੍ਰਭੂ ਦਾ ਨਾਮ

(ਅ) ਧਨ (ਸ) ਸੰਤਾਨ